## ਬਹੁ-ਵਿਕਲਪੀ ਪ੍ਰਸ਼ਨ

1. ਵਾਰਤਕ ਲੇਖ 'ਬੋਲੀ' ਕਿਸ ਲੇਖਕ ਦੁਆਰਾ ਲਿਖਿਆ ਹੋਇਆ ਹੈ ?
   (a) ਸ. ਗੁਰਬਖ਼ਸ਼ ਸਿੰਘ ਦੁਆਰਾ (b) ਪ੍ਰਿੰ. ਤੇਜਾ ਸਿੰਘ ਦੁਆਰਾ
   (c) ਗਿਆਨੀ ਦਿੱਤ ਸਿੰਘ ਦੁਆਰਾ (d) ਡਾ. ਬਲਬੀਰ ਸਿੰਘ ਦੁਆਰਾ
2. 'ਸਾਹਿਤ-ਮਾਲਾ' ਪੁਸਤਕ ਦੇ ਵਾਰਤਕ ਭਾਗ ਵਿੱਚ ਸ. ਗੁਰਬਖ਼ਸ਼ ਸਿੰਘ ਦੁਆਰਾ ਲਿਖਿਆ ਕਿਹੜਾ ਲੇਖ ਦਰਜ ਹੈ?
   (a) ਰਬਾਬ ਮੰਗਾਉਨ ਦਾ ਵਿਰਤਾਂਤ (b) ਬੋਲੀ
   (c) ਘਰ ਦਾ ਪਿਆਰ (d) ਪ੍ਰਾਰਥਨਾ
3. ਮਨੁੱਖ ਦੇ ਸਰੀਰ ਦਾ ਸੁਹੱਪਣ ਅਤੇ ਕੋਹਜ ਕਿੱਥੋਂ ਪਛਾਣਿਆ ਜਾਂਦਾ ਹੈ ?
   (a) ਨੱਕ ਤੋਂ (b) ਗਲੇ ਤੋਂ
   (c) ਮੂੰਹ ਤੋਂ (d) ਦਿਮਾਗ ਤੋਂ
4. ਕਿਸ ਦੀ ਬੋਲੀ ਫੁੱਲਾਂ ਫਲਾਂ ਲੱਦੇ ਬਾਗ ਵਿੱਚੋਂ ਮਹਿਕਦੀ ਆਈ ਪੌਣ ਵਰਗੀ ਹੁੰਦੀ ਹੈ ?
   (a) ਜਿਸ ਦੇ ਬਾਹਰ ਬਹੁਤ ਕੁਝ ਹੋਵੇ (b) ਜਿਸ ਦੇ ਦਿਮਾਗ ਵਿੱਚ ਬਹੁਤ ਕੁਝ ਹੋਵੇ
   (c) ਜਿਸ ਦੇ ਬਾਹਰ ਸਭ ਕੁਝ ਹੋਵੇ (d) ਜਿਸ ਦੇ ਅੰਦਰ ਬਹੁਤ ਕੁਝ ਹੋਵੇ
5. ਜਿਸ ਦੇ ਅੰਦਰ ਬਹੁਤਾ ਕੁਝ ਨਹੀਂ ਹੁੰਦਾ ਉਸ ਦੀ ਬੋਲੀ ਕਿਸ ਤਰ੍ਹਾਂ ਦੀ ਹੁੰਦੀ ਹੈ ?
   (a) ਰੇਗਿਸਤਾਨਾਂ ਦੀ ਰੁੱਖੀ ਤਪਦੀ ਪੌਣ ਵਰਗੀ (b) ਮੈਦਾਨਾਂ ਦੀ ਰੁੱਖੀ ਤਪਦੀ ਪੌਣ ਵਰਗੀ
   (c) ਪਹਾੜਾਂ ਦੀ ਰੁੱਖੀ ਤਪਦੀ ਪੌਣ ਵਰਗੀ (d) ਉਪਰੋਕਤ ਵਿੱਚੋਂ ਕੋਈ ਨਹੀਂ
6. ਜ਼ਿੰਦਗੀ ਦੀ ਅਮੀਰੀ ਵਿੱਚੋਂ ਆਪਣੇ ਲਫ਼ਜ਼ਾਂ ਨੂੰ ਕੌਣ ਚੁਣਦਾ ਹੈ ?
   (a) ਤਕਦੀਰ (b) ਬੋਲੀ
   (c) ਦੇਵਨਾਗਰੀ ਲਿਪੀ (d) ਉਪਰੋਕਤ ਸਾਰੇ
7. ਕਿਹੜੀ ਚੀਜ਼ ਨੂੰ ਤਜ਼ਰਬੇ ਦਾ ਹਿੱਸਾ ਅਤੇ ਹਰ ਇੱਕ ਤਜ਼ਰਬੇ ਨੂੰ ਕਿਸੇ ਅਕਲ ਦਾ ਹਿੱਸਾ ਮੰਨਿਆ ਜਾਂਦਾ ਹੈ ?
   (a) ਮਹਿਕ ਨੂੰ (b) ਅਹੁਦੇ ਨੂੰ
   (c) ਤਜ਼ਰਬੇ ਨੂੰ (d) ਖ਼ੁਸ਼ਬੂ ਨੂੰ
8. ਜ਼ਿੰਦਗੀ ਦਾ ਅਸਲੀ ਸੋਨਾ ਕਿਸ ਨੂੰ ਮੰਨਿਆ ਗਿਆ ਹੈ ?
   (a) ਆਪ-ਹੁਦਰੇਪਨ ਨੂੰ (b) ਜਜ਼ਬੇ ਨੂੰ
   (c) ਬੋਲੀ ਨੂੰ (d) ਅਕਲ ਨੂੰ
9. ਬਚਪਨ ਦੇ ਚੌਗਿਰਦੇ ਵਿੱਚੋਂ ਕੀ ਜੁੜਨਾ ਸ਼ੁਰੂ ਹੋ ਜਾਂਦਾ ਹੈ ?
   (a) ਬੋਲੀ ਦਾ ਖ਼ਜ਼ਾਨਾ (b) ਪੈਸੇ ਵਾਲਾ ਖ਼ਜ਼ਾਨਾ
   (c) ਭਵਨ ਤੋਂ ਮਿਲਿਆ ਖ਼ਜ਼ਾਨਾ (d) ਉਪਰੋਕਤ ਸਾਰੇ
10. ਬਚਪਨ ਵਿੱਚ ਕਿੱਥੇ ਚਿਤਰੇ ਹੋਏ ਲਫ਼ਜ਼ ਸਾਨੂੰ ਨਹੀਂ ਭੁੱਲਦੇ ਅਤੇ ਮੁਹਰ ਵਰਗਾ ਕੰਮ ਦਿੰਦੇ ਹਨ ?
    (a) ਦਿਮਾਗ ਉੱਤੇ (b) ਮਨ ਉੱਤੇ
    (c) ਸੁਭਾਅ ਉੱਤੇ (d) ਉਪਰੋਕਤ ਸਾਰੇ
11. ਅਸੀਂ ਲਫ਼ਜ਼ਾਂ ਦੀ ਇੱਕ-ਇੱਕ ਮੁਹਰ ਨੂੰ ਕਿਸ ਵਿੱਚ ਵਟਾਉਂਦੇ ਹਾਂ ?
    (a) ਨਿੱਕੇ-ਨਿੱਕੇ ਸਿੱਕਿਆਂ ਵਿੱਚ (b) ਵੱਡੇ-ਵੱਡੇ ਸਿਕਿਆਂ ਵਿੱਚ
    (c) ਵੱਡੇ-ਵੱਡੇ ਕਿਲਿਆਂ ਵਿੱਚ (d) ਵੱਡੇ-ਵੱਡੇ ਬੈਂਕਾਂ ਵਿੱਚ
12. ਬੱਚਿਆਂ ਦੀ ਦੁਨੀਆਂ ਦਾ ਧਿਆਨ ਨਾ ਕਰਨ ਵਾਲੇ ਵੱਡਿਆਂ ਦੀ ਆਪਣੀ ਦੁਨੀਆਂ ਕਿਹੋ-ਜਿਹੀ ਹੁੰਦੀ ਹੈ ?
    (a) ਮਾਲਾਮਾਲ (b) ਬੇਹਾਲ
    (c) ਕੰਗਾਲ (d) ਅਮੀਰ
13. ਉਹ ਲੋਕ ਜਿਨ੍ਹਾਂ ਨੂੰ ਵੱਡੇ ਹੋ ਕੇ ਬਚਪਨ ਦੀ ਬੋਲੀ ਤੋਂ ਬਿਨਾਂ ਕੋਈ ਹੋਰ ਬੋਲੀ ਅਪਨਾਉਣੀ ਪੈਂਦੀ ਹੈ, ਉਹ ਲੋਕ ਕਿਹੋ-ਜਿਹੇ ਹੁੰਦੇ ਹਨ ?
    (a) ਕਰਮਾਂ ਵਾਲੇ (b) ਭਾਗਹੀਣ
    (c) ਭਾਗਾਂ ਵਾਲੇ (d) ਨਿਰਦਈ
14. ਆਪਣੀ ਰੋਜ਼ਾਨਾ ਦੀ ਜ਼ਿੰਦਗੀ ਵਿੱਚ ਅਸੀਂ ਕਿਹੜੇ ਸਿੱਕੇ ਅਤੇ ਨੋਟ ਚਲਾਉਂਦੇ ਹਾਂ ?
    (a) ਲਫ਼ਜ਼ਾਂ ਦੇ (b) ਕਿੱਤੇ ਦੇ
    (c) ਬੋਲਾਂ ਦੇ (d) ਹਉਕਿਆਂ ਦੇ

15. ਉਹ ਕਿਹੜੀ ਦੌਲਤ ਹੈ ਜੋ ਬਚਪਨ ਦੇ ਸਮੇਂ ਬੋਲੀ ਦੇ ਚਿੰਨ੍ਹਾਂ ਦੇ ਰੂਪ ਵਿੱਚ ਸਾਂਭੀ ਗਈ ਹੈ ?
(*a*) ਹੁਨਰ (*b*) ਦੌਲਤ
(*c*) ਤਜ਼ਰਬਾ (*d*) ਸ਼ੋਹਰਤ

16. ਤਜ਼ਰਬੇ ਦੀ ਲਗਨ ਨੂੰ ਵਧਾਉਣ ਅਤੇ ਤਜ਼ਰਬਿਆਂ ਨੂੰ ਸਮਝਣ ਅਤੇ ਸਾਂਭਣ ਨੂੰ ਕੀ ਆਖਦੇ ਹਨ ?
(*a*) ਪੜ੍ਹਾਈ (*b*) ਲਿਖਾਈ
(*c*) ਸੌਖੀ ਪੜ੍ਹਾਈ (*d*) ਔਖੀ ਪੜ੍ਹਾਈ

17. ਦੁਨੀਆਂ ਦੇ ਅਨੇਕਾਂ ਲੋਕੀ ਆਪਣਾ ਪੂਰਾ ਮੁੱਲ ਕਿਉਂ ਨਹੀਂ ਪੁਆ ਸਕਦੇ ?
(*a*) ਭਾਸ਼ਾ ਵੱਲ ਧਿਆਨ ਨਾ ਦੇਣ ਕਰਕੇ (*b*) ਵਿਆਕਰਨ ਵੱਲ ਧਿਆਨ ਨਾ ਦੇਣ ਕਰਕੇ
(*c*) ਔਖੀ ਬੋਲੀ ਵੱਲ ਧਿਆਨ ਨਾ ਦੇਣ ਕਰਕੇ (*d*) ਸ਼ਬਦਾਂ ਵੱਲ ਧਿਆਨ ਨਾ ਦੇਣ ਕਰਕੇ

18. ਦਿਲ ਦੀ ਦੌਲਤ ਦੀ ਮੁਹਰ, ਲੇਖਕ ਕਿਸ ਨੂੰ ਮੰਨਦਾ ਹੈ ?
(*a*) ਲਫ਼ਜ਼ਾਂ ਨੂੰ (*b*) ਪੈਸੇ ਨੂੰ
(*c*) ਡਾਲਰਾਂ ਨੂੰ (*d*) ਪੌਂਡਾਂ ਨੂੰ

19. ਗੁਰਬਖਸ਼ ਸਿੰਘ ਅਨੁਸਾਰ ਕਿਹੜੀ ਚੀਜ਼ ਮਹਿੰਗੀ ਅਤੇ ਪਿਆਰੀ ਵਸਤੂ ਹੈ ?
(*a*) ਸਾਡਾ ਸਭਿਆਚਾਰ (*b*) ਸਾਡਾ ਵਿਰਸਾ
(*c*) ਸਾਡੀ ਬੋਲੀ (*d*) ਸਾਡਾ ਆਪਣਾਪਨ

20. ਬੱਚਿਆਂ ਦੀ ਬੋਲੀ ਨੂੰ ਸਧਾਰਨ ਅਤੇ ਸਾਂਭਣ ਵਿੱਚ ਮਾਂ-ਬਾਪ ਦੀ ਕੀ ਵਧ ਜਾਂਦੀ ਹੈ?
(*a*) ਜ਼ਿੰਮੇਵਾਰੀ (*b*) ਦੌਲਤ
(*c*) ਹੈਸਿਅਤ (*d*) ਉਪਰੋਕਤ ਵਿੱਚੋਂ ਕੋਈ ਨਹੀਂ

✦ ਹੇਠ ਲਿਖੇ ਪੈਰ੍ਹਿਆਂ ਨੂੰ ਪੜ੍ਹ ਕੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਚੁਣੋ—

(1) ਅੰਨ੍ਹੇ ਆਮ ਤੌਰ ਉੱਤੇ ਸਿਆਣੇ ਤੇ ਦਿਲਚਸਪ ਹੁੰਦੇ ਹਨ। ਪਰ ਗੂੰਗਾ ਕੋਈ ਵਿਰਲਾ ਹੀ ਦਿਲਚਸਪੀ ਜਗਾਂਦਾ ਹੈ, ਕਿਉਂਕਿ ਬੋਲੀ ਤੋਂ ਹੀ ਅਸੀਂ ਮਨੁੱਖੀ ਅਮੀਰੀ ਦਾ ਮੇਚਾ ਲੈ ਸਕਦੇ ਹਾਂ। ਬੋਲੀ ਹੀ ਦੱਸਦੀ ਹੈ ਕਿ ਬੋਲਣ ਨੇ ਕੀ ਕੁਝ ਆਪਣਾ ਬਣਾਇਆ ਹੈ। ਜੇ ਉਹਦੇ ਅੰਦਰ ਬਹੁਤ ਕੁਝ ਹੈ, ਉਹਦੀ ਬੋਲੀ ਫੁੱਲਾਂ ਲੱਦੇ ਬਾਗ਼ਾ ਵਿੱਚੋਂ ਮਹਿਕਦੀ ਆਈ ਪੌਣ ਵਰਗੀ ਹੁੰਦੀ ਹੈ, ਸਰੋਤੇ ਉਹਨੂੰ ਪਿਆਰ ਦੇਂਦੇ ਹਨ, ਭਰੋਸਾ ਦੇਂਦੇ ਹਨ, ਕਈ ਵਾਰ ਜਿੰਦਾਂ ਵੀ ਹਾਜ਼ਰ ਕਰ ਦੇਂਦੇ ਹਨ। ਜਿਦ੍ਹੇ ਅੰਦਰ ਬਹੁਤਾ ਕੁਝ ਨਹੀਂ ਉਹਦੀ ਬੋਲੀ ਰੜੇ ਰੇਗਿਸਤਾਨਾਂ ਵਿੱਚੋਂ ਰੁੱਖੀ ਤਪਦੀ ਆਈ ਪੌਣ ਵਰਗੀ ਹੁੰਦੀ ਹੈ।

1. ਸਿਆਣੇ ਤੇ ਦਿਲਚਸਪ ਕੌਣ ਹੁੰਦੇ ਹਨ?
(*a*) ਅੰਨ੍ਹੇ (*b*) ਕਾਣੇ
(*c*) ਬੋਲੇ (*d*) ਗੂੰਗੇ

2. ਕੋਈ ਵਿਰਲਾ ਹੀ ਗੂੰਗਾ ਕੀ ਜਗਾਉਂਦਾ ਹੈ?
(*a*) ਸਿਆਣਪ (*b*) ਦਿਲਚਸਪੀ
(*c*) ਖ਼ੁਦਗਰਜ਼ੀ (*d*) ਇੱਛਾ

3. ਮਨੁੱਖੀ ਅਮੀਰੀ ਦਾ ਮੇਚਾ ਅਸੀਂ ਕਿਸ ਚੀਜ਼ ਤੋਂ ਲੈ ਸਕਦੇ ਹਾਂ?
(*a*) ਵਿਆਕਰਨ ਤੋਂ (*b*) ਭਾਸ਼ਾ ਤੋਂ
(*c*) ਕਿਤਾਬ ਤੋਂ (*d*) ਬੋਲੀ ਤੋਂ

4. ਉਪਰੋਕਤ ਪੈਰ੍ਹਾ ਕਿਸ ਲੇਖ ਦਾ ਹਿੱਸਾ ਹੈ?
(*a*) ਪ੍ਰਾਰਥਨਾ (*b*) ਘਰ ਦਾ ਪਿਆਰ
(*c*) ਬੋਲੀ (*d*) ਰਬਾਬ ਮੰਗਾਉਣ ਦਾ ਵਿਰਤਾਂਤ

5. ਜਿਦ੍ਹੇ ਅੰਦਰ ਬਹੁਤਾ ਕੁਝ ਨਹੀਂ ਉਹਦੀ ਬੋਲੀ ਰੜੇ ............ ਵਿੱਚੋਂ ਰੁੱਖੀ ਤਪਦੀ ਆਈ ਪੌਣ ਵਰਗੀ ਹੁੰਦੀ ਹੈ। ਖ਼ਾਲੀ ਥਾਂ ਭਰੋ।
(*a*) ਰੇਗਿਸਤਾਨਾਂ (*b*) ਮੈਦਾਨਾਂ
(*c*) ਟਿੱਬੇ (*d*) ਟਿੱਲੇ

(2) ਬੋਲੀ ਦਾ ਖ਼ਜ਼ਾਨਾ ਬਚਪਨ ਦੇ ਚੌਗਿਰਦੇ ਵਿੱਚੋਂ ਜੁੜਨਾ ਸ਼ੁਰੂ ਹੁੰਦਾ ਹੈ। ਬਚਪਨ ਵਿੱਚ ਮਨ ਉੱਤੇ ਚਿੱਤਰੇ ਲਫ਼ਜ਼ ਸਾਨੂੰ ਭੁੱਲਦੇ ਨਹੀਂ ਤੇ ਮੁਹਰ ਵਰਗਾ ਕੰਮ ਦੇਂਦੇ ਹਨ। ਇੱਕ-ਇੱਕ ਮੁਹਰ ਅਸੀਂ ਅਨੇਕਾਂ ਨਿੱਕੇ ਸਿੱਕਿਆਂ ਵਿੱਚ ਵਟਾਂਦੇ ਹਾਂ ਤੇ ਸਾਡੇ ਖ਼ਜ਼ਾਨੇ ਦੀਆਂ ਪੇਟੀਆਂ ਛਣਕਨ ਲੱਗ ਪੈਂਦੀਆਂ ਹਨ। ਏਸ ਲਈ ਜਿੱਥੇ ਸਾਡਾ ਬਚਪਨ ਬੀਤੇ ਉਹ ਥਾਂ ਮੁਹਰਾਂ ਦੀ ਖਾਣ ਹੈ। ਪਹਿਲਾਂ ਸਾਡੀ ਅਮੀਰੀ ਦਾ ਨਿਰਭਰ ਏਸ ਖਾਣ ਉੱਤੇ ਹੁੰਦਾ ਹੈ। ਜੇ ਸਾਡੀ ਖਾਣ ਵਿੱਚ ਮੁਹਰਾਂ ਕੱਸੀਆਂ ਹਨ ਤਾਂ ਸਾਡੀ ਬਹੁਤੀ ਪੁਟਾਈ ਵੀ ਸਾਨੂੰ ਮਾਲਾ-ਮਾਲ ਨਹੀਂ ਕਰ ਸਕੇਗੀ।

1. ਬੋਲੀ ਦਾ ਖ਼ਜ਼ਾਨਾ ਕਿੱਥੋਂ ਜੁੜਨਾ ਸ਼ੁਰੂ ਹੁੰਦਾ ਹੈ?
(*a*) ਬਚਪਨ ਦੇ ਖੇੜੇ ਵਿੱਚੋਂ (*b*) ਬਚਪਨ ਦੇ ਚੌਗਿਰਦੇ ਵਿੱਚੋਂ
(*c*) ਬਚਪਨ ਦੇ ਪਿਆਰ ਵਿੱਚੋਂ (*d*) ਬਚਪਨ ਦੇ ਇਮਤਿਹਾਨ ਵਿੱਚੋਂ

2. ਬਚਪਨ ਵਿੱਚ ਮਨ ਉੱਤੇ ਚਿੱਤਰੇ ਲਫ਼ਜ਼ ਕਿਹੋ ਜਿਹਾ ਕੰਮ ਦਿੰਦੇ ਹਨ?
(*a*) ਮੁਹਰ ਵਰਗਾ (*b*) ਠੱਪੇ ਵਰਗਾ
(*c*) ਛਾਪੇ ਵਰਗਾ (*d*) ਭੁੱਲਣਯੋਗ

3. ਸਾਡੇ ਖ਼ਜ਼ਾਨੇ ਦੀਆਂ ਪੇਟੀਆਂ ਕੀ ਕਰਨ ਲੱਗ ਪੈਂਦੀਆਂ ਹਨ?
(*a*) ਬੁੜਕਣ (*b*) ਹਿਣਕਣ
(*c*) ਛਣਕਣ (*d*) ਖਿੜਕਣ

4. ਕਿਹੜੀ ਥਾਂ ਮੋਹਰਾਂ ਦੀ ਖਾਣ ਹੈ?
(*a*) ਜਿੱਥੇ ਸਾਡੀ ਜਵਾਨੀ ਬੀਤੇ (*b*) ਜਿੱਥੇ ਸਾਡਾ ਬਚਪਨ ਬੀਤੇ
(*c*) ਜਿੱਥੇ ਸਾਡਾ ਬੁਢੇਪਾ ਬੀਤੇ (*d*) ਉਪਰੋਕਤ ਸਾਰੇ

5. ਉਪਰੋਕਤ ਪੈਰ੍ਹਾ ਜਿਸ ਲੇਖ ਵਿੱਚੋਂ ਲਿਆ ਗਿਆ ਹੈ ਉਸ ਦਾ ਨਾਂ ਦੱਸੋ।
(*a*) ਪ੍ਰਾਰਥਨਾ (*b*) ਘਰ ਦਾ ਪਿਆਰ
(*c*) ਬੋਲੀ (*d*) ਇਨ੍ਹਾਂ ਵਿੱਚੋਂ ਕੋਈ ਨਹੀਂ

(3) ਤਜਰਬਾ ਸਾਡੀ ਦੌਲਤ ਹੈ ਤੇ ਇਹ ਦੌਲਤ ਬਚਪਨ ਦੇ ਸਮੇਂ ਜਿਹੜੀ ਬੋਲੀ ਦੇ ਚਿੰਨ੍ਹਾਂ ਵਿੱਚ ਸਾਂਭੀ ਗਈ ਹੈ, ਓਸੇ ਬੋਲੀ ਦੀ ਸੂਈ ਇਹਦੇ ਉੱਤੇ ਫੇਰਿਆਂ ਇਹ ਗਰਾਮੋਫੋਨ ਦੇ ਰਿਕਾਰਡ ਵਾਂਗ ਵੱਜ ਸਕਦੀ ਹੈ ਤਾਂ ਤੇ ਬੋਲੀ ਨਾਲੋਂ ਵਧੇਰੇ ਧਿਆਨ ਮੰਗਣ ਵਾਲੀ ਕੋਈ ਹੋਰ ਜ਼ਿੰਦਗੀ ਦੀ ਦੌਲਤ ਨਹੀਂ। ਤਜਰਬਾ ਏਸ ਦੌਲਤ ਦਾ ਖਜ਼ਾਨਾ ਹੈ, ਸ਼ਬਦ ਇਹਦੇ ਸਿੱਕੇ ਤੇ ਨੋਟ ਹਨ, ਜਿਨ੍ਹਾਂ ਨੂੰ ਅਸੀਂ ਰੋਜ਼ਾਨਾ ਜ਼ਿੰਦਗੀ ਦੀ ਮੰਡੀ ਵਿੱਚ ਚਲਾਂਦੇ ਹਾਂ। ਜ਼ਿੰਦਗੀ ਦੀ ਦੌਲਤ ਬਿਨਾਂ ਸ਼ਬਦ ਨਕਾਰੇ ਹੁੰਦੇ ਹਨ ਤੇ ਸ਼ਬਦਾਂ ਬਿਨਾਂ ਇਹ ਦੌਲਤ ਅਣਵਰਤੀ ਪਈ ਰਹੇਗੀ।

1. ਉਪਰੋਕਤ ਪੈਰ੍ਹੇ ਦੇ ਅਨੁਸਾਰ ਸਾਡੀ ਦੌਲਤ ਕੀ ਹੈ?
(*a*) ਤਜਰਬਾ (*b*) ਪੈਸਾ
(*c*) ਸਮਾਂ (*d*) ਸ਼ੋਹਰਤ

2. ਤਜਰਬੇ ਦੀ ਦੌਲਤ ਬਚਪਨ ਦੇ ਸਮੇਂ ਕਿਵੇਂ ਸਾਂਭੀ ਗਈ ਹੈ?
(*a*) ਅੱਖਰ ਦੇ ਚਿੰਨ੍ਹਾਂ ਵਿੱਚ (*b*) ਬੋਲੀ ਦੇ ਚਿੰਨ੍ਹਾਂ ਵਿੱਚ
(*c*) ਲਗਾਖਰ ਦੇ ਚਿੰਨ੍ਹਾਂ ਵਿੱਚ (*d*) ਇਨ੍ਹਾਂ ਵਿੱਚੋਂ ਕੋਈ ਨਹੀਂ

3. ਕਿਸ ਦੀ ਸੂਈ ਤਜਰਬੇ ਉੱਤੇ ਫੇਰਨ ਨਾਲ ਗਰਾਮੋਫੋਨ ਦੇ ਰਿਕਾਰਡ ਵਾਂਗ ਵੱਜਦੀ ਹੈ?
(*a*) ਮਸ਼ੀਨ ਦੀ ਸੂਈ (*b*) ਤੁਰਪਾਈ ਵਾਲੀ ਸੂਈ
(*c*) ਬੋਲੀ ਦੀ ਸੂਈ (*d*) ਉਪਰੋਕਤ ਸਾਰੇ

4. ਬੋਲੀ ਨਾਲੋਂ ਵਧੇਰੇ ਧਿਆਨ ਮੰਗਣ ਵਾਲੀ ਕੋਈ ਹੋਰ .................. ਦੀ ਦੌਲਤ ਨਹੀਂ। ਖਾਲੀ ਥਾਂ ਭਰੋ।
(*a*) ਸ਼ੋਹਰਤ (*b*) ਜਮੀਰ
(*c*) (*a*) ਅਤੇ (*b*) ਦੋਵੇਂ (*d*) ਜ਼ਿੰਦਗੀ

5. ਜਿਸ ਲੇਖ 'ਚੋਂ ਇਹ ਪੈਰ੍ਹਾ ਲਿਆ ਗਿਆ ਹੈ, ਉਸ ਦੇ ਲੇਖਕ ਦਾ ਨਾਂ ਦੱਸੋ।
(*a*) ਸ. ਗੁਰਬਖ਼ਸ਼ ਸਿੰਘ (*b*) ਪ੍ਰਿੰ. ਤੇਜਾ ਸਿੰਘ
(*c*) (*a*) ਅਤੇ (*b*) ਦੋਵੇਂ (*d*) ਦੋਵਾਂ ਵਿੱਚੋਂ ਕੋਈ ਨਹੀਂ

+ ਬਹੁ-ਵਿਕਲਪੀ ਪ੍ਰਸ਼ਨ

1. ਵਾਰਤਕ ਲੇਖ 'ਪ੍ਰਾਰਥਨਾ' ਕਿਸ ਦੁਆਰਾ ਲਿਖਿਆ ਗਿਆ ਹੈ ?
(a) ਡਾ. ਬਲਬੀਰ ਸਿੰਘ ਦੁਆਰਾ (b) ਪ੍ਰਿੰ. ਤੇਜਾ ਸਿੰਘ ਦੁਆਰਾ
(c) ਗਿਆਨੀ ਦਿੱਤ ਸਿੰਘ ਦੁਆਰਾ (d) ਸ. ਗੁਰਬਖ਼ਸ਼ ਸਿੰਘ ਦੁਆਰਾ

2. ਸਾਹਿਤ-ਮਾਲਾ ਪੁਸਤਕ ਦੇ ਵਾਰਤਕ ਭਾਗ ਵਿੱਚ ਡਾ. ਬਲਬੀਰ ਸਿੰਘ ਦੁਆਰਾ ਲਿਖਿਆ ਕਿਹੜਾ ਲੇਖ ਦਰਜ ਹੈ?
(a) ਰਬਾਬ ਮੰਗਾਉਨ ਦਾ ਵਿਰਤਾਂਤ (b) ਪ੍ਰਾਰਥਨਾ
(c) ਘਰ ਦਾ ਪਿਆਰ (d) ਬੋਲੀ

3. ਦੁਨੀਆਂ ਵਿੱਚ ਸਭ ਤੋਂ ਸਿਆਣਾ ਆਦਮੀ ਕਿਸ ਨੂੰ ਮੰਨਿਆ ਜਾਂਦਾ ਹੈ ?
(a) ਪਲੇਟੋ ਨੂੰ (b) ਕਾਰਲਾਈਲ ਨੂੰ
(c) ਸੁਕਰਾਤ ਨੂੰ (d) ਸਮਰਾਟ ਅਸ਼ੋਕ ਨੂੰ

4. ਸੁਕਰਾਤ ਨੇ ਸ਼ਰਬਤ ਵਾਂਗ ਕੀ ਪੀਤਾ ਸੀ?
(a) ਦੁੱਧ (b) ਪਾਣੀ
(c) ਲਿਮਕਾ (d) ਜ਼ਹਿਰ

5. ਅਰਦਾਸ ਦੀ ਕਿਹੜੇ ਧਰਮ ਵਿੱਚ ਖ਼ਾਸ ਅਹਿਮੀਅਤ ਹੈ ?
(a) ਸਿੱਖ ਧਰਮ ਵਿੱਚ (b) ਬੋਧ ਧਰਮ ਵਿੱਚ
(c) ਹਿੰਦੂ ਧਰਮ ਵਿੱਚ (d) ਜੈਨ ਧਰਮ ਵਿੱਚ

6. ਅਰਦਾਸ ਕਰਨੀ ਕਦੋਂ ਜ਼ਰੂਰੀ ਮੰਨੀ ਜਾਂਦੀ ਹੈ ?
(a) ਜਨਮ ਵੇਲੇ (b) ਹਰ ਮੌਕੇ 'ਤੇ
(c) ਮਰਨ ਵੇਲੇ (d) ਵਿਆਹ ਵੇਲੇ

7. ਸਾਰੇ ਰਸਮਾਂ-ਰੀਤਾਂ ਅਤੇ ਧਰਮਾਰਥਕ ਸਾਧਨਾਂ ਦੀ ਥਾਂ ਕਿਹੜੀ ਚੀਜ਼ ਵਧੇਰੇ ਚੰਗੀ ਹੈ ?
(a) ਸੁੱਖ (b) ਰੋਜ਼ੀ-ਰੋਟੀ
(c) ਅਰਦਾਸ/ਪ੍ਰਾਰਥਨਾ (d) ਉਪਰੋਕਤ ਵਿੱਚੋਂ ਕੋਈ ਨਹੀਂ

8. ਖ਼ਾਲਸਾ ਟ੍ਰੈਕਟ ਸੁਸਾਇਟੀ ਦਾ ਮੁੱਢ ਕਦੋਂ ਬੱਝਾ ?
(a) ਸੰਨ 1890 ਵਿੱਚ (b) ਸੰਨ 1891 ਵਿੱਚ
(c) ਸੰਨ 1892 ਵਿੱਚ (d) ਸੰਨ 1893 ਵਿੱਚ

9. "ਅਰਦਾਸ ਦਾ ਉੱਤਰ ਮਿਲਣਾ ਹੀ ਨਹੀਂ ਚਾਹੀਦਾ। ਜੇ ਅਰਦਾਸ ਦਾ ਉੱਤਰ ਮਿਲੇ ਤਾਂ ਉਹ ਅਰਦਾਸ ਨਹੀਂ ਰਹਿੰਦੀ।" ਇਹ ਸ਼ਬਦ ਕਿਸੇ ਨੇ ਕਹੇ ਹਨ?
(a) ਔਸਕਰ ਵਾਇਲਡ ਨੇ (b) ਔਸਕਰ ਚਾਇਲਡ ਨੇ
(c) ਅੰਬੇਡਕਰ ਸਾਹਿਬ ਨੇ (d) ਏ.ਪੀ.ਜੇ. ਅਬਦੁਲ ਕਲਾਮ ਨੇ

10. ਸਿੱਖਾਂ ਦੀ ਹਰ ਅਰਦਾਸ ਵਿੱਚ ਕਿਸ ਦੀ ਮੰਗ ਕੀਤੀ ਜਾਂਦੀ ਹੈ ?
(a) ਸਿੱਖ ਦੇ ਭਲੇ ਦੀ (b) ਸਰਬੱਤ ਦੇ ਭਲਾ ਦੀ
(c) ਹਿੰਦੂ ਦੇ ਭਲੇ ਦੀ (d) ਬੱਚਿਆਂ ਦੇ ਭਲੇ ਦੀ

11. ਅਰਦਾਸ ਦੁਆਰਾ ਸਰਬੱਤ ਦੇ ਭਲੇ ਵਿੱਚ ਲੀਨ ਹੋਣ ਨਾਲ ਸਾਡੇ ਕਿਹੜੇ-ਕਿਹੜੇ ਨੁਕਸ ਦੂਰ ਹੋ ਜਾਂਦੇ ਹਨ ?
(a) ਕਮੀਨਾਪਨ (b) ਛੁਟਦਿਲਾਪਨ
(c) ਵੱਖਰਾਪਨ (d) ਉਪਰੋਕਤ ਸਾਰੇ

12. ਮਹਾਰਾਜਾ ਰਣਜੀਤ ਸਿੰਘ ਔਕੜ ਵੇਲੇ ਕੀ ਕਰਦਾ ਸੀ ?
(a) ਅਰਦਾਸ ਕਰਦਾ ਸੀ (b) ਗਰੀਬਾਂ ਨੂੰ ਸਮਾਨ ਵੰਡਦਾ ਸੀ
(c) ਦਾਨ ਕਰਦਾ ਸੀ (d) ਗੁਰਦੁਆਰੇ ਜਾਂਦਾ ਸੀ

13. ਮੀਂਹ ਅਤੇ ਹਨੇਰੀ ਰਾਤ ਨੂੰ ਕਿਸ ਨੇ ਅਰਦਾਸ ਕੀਤੀ ?
(a) ਮਹਾਰਾਜਾ ਰਣਜੀਤ ਸਿੰਘ ਨੇ (b) ਧਾੜਵੀ ਕੈਦੀ ਨੇ
(c) ਡਾ. ਬਲਬੀਰ ਸਿੰਘ ਨੇ (d) ਉਪਰੋਕਤ ਵਿੱਚੋਂ ਕਿਸੇ ਨੇ ਵੀ ਨਹੀਂ

14. ਧਾੜਵੀ ਕੈਦੀ ਨੂੰ ਕਿੱਥੇ ਕੈਦ ਕੀਤਾ ਗਿਆ ਸੀ ?
(a) ਮੇਵਾੜ ਦੇ ਕਿਲ੍ਹੇ ਵਿੱਚ (b) ਮੇਵਾਤ ਦੇ ਕਿਲ੍ਹੇ ਵਿੱਚ
(c) ਰੁਹਤਾਸ ਦੇ ਕਿਲ੍ਹੇ ਵਿੱਚ (d) ਜੂਨਾਗੜ੍ਹ ਦੇ ਕਿਲ੍ਹੇ ਵਿੱਚ

15. ਮਹਾਰਾਜਾ ਰਣਜੀਤ ਸਿੰਘ ਨੇ ਕਿਸ ਲਈ ਪਰਮਾਤਮਾ ਅੱਗੇ ਅਰਦਾਸ ਕੀਤੀ ਸੀ ?
(a) ਪੁੱਤਰ ਦੀ ਬਖ਼ਸ਼ਿਸ਼ ਲਈ
(b) ਪੈਸੇ ਦੀ ਬਖ਼ਸ਼ਿਸ਼ ਲਈ
(c) ਧੀ ਦੀ ਬਖ਼ਸ਼ਿਸ਼ ਲਈ
(d) ਨੀਂਦ ਦੀ ਬਖ਼ਸ਼ਿਸ਼ ਲਈ

16. ਪਰਮਾਤਮਾ ਨੂੰ ਕਿਸ ਤਰ੍ਹਾਂ ਪ੍ਰਾਪਤ ਕੀਤਾ ਜਾ ਸਕਦਾ ਹੈ ?
(a) ਪ੍ਰੇਮ ਨਾਲ
(b) ਭਗਤੀ ਨਾਲ
(c) ਜੋਤਾਂ ਜਗਾਉਣ ਨਾਲ
(d) ਚੰਗੇ ਕਰਮ-ਕਾਂਡ ਕਰਨ ਨਾਲ

17. ਦਾੜ੍ਹਵੀ ਕੈਦੀ ਦਾ ਸੁਭਾਅ ਕਿਹੋ-ਜਿਹਾ ਸੀ ?
(a) ਹੱਸਮੁੱਖ
(b) ਕ੍ਰੋਧ ਭਰਿਆ
(c) ਅੜਬ
(d) ਪਿਆਰ ਵਾਲਾ

18. ਇੱਕ ਦਿਨ ਦਾੜ੍ਹਵੀ ਕੈਦੀ ਦੇ ਹੱਥ ਕਿਹੜੀ ਚੀਜ਼ ਲੱਗੀ ?
(a) ਨਵੀਂ ਪੋਥੀ
(b) ਜਿਲਦ ਵਾਲੀ ਪੋਥੀ
(c) ਪੁਰਾਣੀ ਪੋਥੀ
(d) ਬਿਨਾਂ ਜਿਲਦ ਵਾਲੀ ਪੋਥੀ

19. ਸ਼੍ਰੋਮਣੀ ਪੰਜਾਬੀ ਸਾਹਿਤਕਾਰ ਪੁਰਸਕਾਰ ਨਾਲ ਡਾ. ਬਲਬੀਰ ਸਿੰਘ ਨੂੰ ਕਿਸ ਨੇ ਨਿਵਾਜਿਆ ?
(a) ਭਾਸ਼ਾ ਵਿਭਾਗ, ਪੰਜਾਬ ਨੇ
(b) ਭਾਸ਼ਾ ਵਿਭਾਗ, ਹਰਿਆਣਾ ਨੇ
(c) ਭਾਸ਼ਾ ਵਿਭਾਗ, ਉੱਤਰ ਪ੍ਰਦੇਸ਼ ਨੇ
(d) ਭਾਸ਼ਾ ਵਿਭਾਗ, ਹਿਮਾਚਲ ਪ੍ਰਦੇਸ਼ ਨੇ

**✦ ਹੇਠ ਲਿਖੇ ਪੈਰ੍ਹਿਆਂ ਨੂੰ ਪੜ੍ਹ ਕੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਚੁਣੋ—**

(1) ਬੰਦੇ ਲਈ ਅਰਦਾਸ ਇੱਕ ਜ਼ਰੂਰੀ ਵਸਤੂ ਹੈ। ਕਈ ਮੌਕੇ ਆਉਂਦੇ ਹਨ ਜਦੋਂ ਕਿ ਵੱਡੇ ਰਾਠ ਮਨੁੱਖ ਲਈ ਵੀ ਕੋਈ ਆਸਰਾ ਨਹੀਂ ਰਹਿ ਜਾਂਦਾ, ਸਿਵਾਏ ਇੱਕ ਅਰਦਾਸ ਦੇ। ਸਭ ਤੋਂ ਸਿਆਣਾ ਆਦਮੀ ਸੁਕਰਾਤ ਗਿਣਿਆ ਜਾਂਦਾ ਹੈ। ਇਹ ਮੌਤ ਤੋਂ ਬੇਪ੍ਰਵਾਹ ਸੀ। ਜ਼ਹਿਰ ਦਾ ਪਿਆਲਾ ਏਸ ਨੇ ਸ਼ਰਬਤ ਵਾਕਣ ਪੀ ਲੀਤਾ ਸੀ। ਐਸਾ ਆਦਮੀ ਵੀ ਅਰਦਾਸ ਦਾ ਕਾਇਲ ਸੀ। ਇੱਕ ਥਾਂਵੇਂ ਉਸ ਨੇ ਕਿਹਾ ਹੈ, "ਓ ਪਿਆਰੇ ਪੈਨ ਦੇਵਤਾ ਅਤੇ ਏਸ ਥਾਂ ਦੇ ਹੋਰ ਸਾਰੇ ਦੇਵਤਿਓ! ਮੇਰੀ ਇਹ ਅਰਜ਼ ਕਬੂਲ ਕਰੋ ਕਿ ਮੇਰੇ ਅੰਦਰ ਮੇਰੀ ਰੂਹ ਸੁੰਦਰ ਬਣ ਜਾਵੇ ਅਤੇ ਮੇਰੀਆਂ ਸਾਰੀਆਂ ਬਾਹਰਲੀਆਂ ਵਸਤਾਂ ਏਸ ਅੰਦਰਲੀ ਜੀਵ-ਆਤਮਾ ਦੇ ਨਾਲ ਇਕਸੁਰ ਹੋ ਜਾਣ।

1. ਹਰ ਬੰਦੇ ਲਈ ਕਿਹੜੀ ਚੀਜ਼ ਜ਼ਰੂਰੀ ਹੈ?
(a) ਅਰਦਾਸ
(b) ਦੌਲਤ
(c) ਆਰਤੀ
(d) ਜੋਤ ਜਗਾਉਣਾ

2. ਕਈ ਵਾਰ ਕਿਹੜੇ ਮਨੁੱਖ ਲਈ ਵੀ ਕੋਈ ਆਸਰਾ ਨਹੀਂ ਰਹਿ ਜਾਂਦਾ?
(a) ਗਰੀਬ ਮਨੁੱਖ ਲਈ
(b) ਰਾਠ ਮਨੁੱਖ ਲਈ
(c) ਨਿਮਰਤਾ ਭਰੇ ਮਨੁੱਖ ਲਈ
(d) ਕਿਸੇ ਲਈ ਵੀ ਨਹੀਂ

3. ਸੁਕਰਾਤ ਨੂੰ ਕਿਹੋ ਜਿਹੇ ਮਨੁੱਖਾਂ ਵਿੱਚ ਗਿਣਿਆ ਜਾਂਦਾ ਹੈ?
(a) ਸਭ ਤੋਂ ਮਸ਼ਹੂਰ
(b) ਸਭ ਤੋਂ ਕਮਜ਼ੋਰ
(c) ਸਭ ਤੋਂ ਸਿਆਣਾ
(d) ਸਭ ਤੋਂ ਪਾਪੀ

4. ਮੌਤ ਤੋਂ ਕੌਣ ਬੇਪਰਵਾਹ ਸੀ?
(a) ਡਾ. ਬਲਬੀਰ ਸਿੰਘ
(b) ਪਲੂਟੋ
(c) ਡਾ. ਜੈਨਿੰਗਜ਼
(d) ਸੁਕਰਾਤ

5. ਸੁਕਰਾਤ ਨੇ ਕਿਸ ਦੇਵਤੇ ਦਾ ਜ਼ਿਕਰ ਆਪਣੀ ਅਰਦਾਸ ਵਿੱਚ ਕੀਤਾ?
(a) ਪੈਨ
(b) ਦੈਨ
(c) ਮੌਨ
(d) ਵਰੁਣ

(2) ਪੜ੍ਹੇ-ਲਿਖੇ ਨੌਜਵਾਨ ਪੁੱਛਦੇ ਹਨ, ਕੀ ਅਰਦਾਸ ਸੁਣੀ ਜਾਂਦੀ ਹੈ? ਕੀ ਅਰਦਾਸ ਦਾ ਉੱਤਰ ਮਿਲਦਾ ਹੈ? ਸ਼ਾਇਦ ਮਿਲਦਾ ਹੋਵੇ, ਪਰ ਉੱਤਰ ਦੀ ਜ਼ਰੂਰਤ ਨਹੀਂ। ਅਰਦਾਸ ਫ਼ਰਜ ਹੈ, ਉੱਤਰ ਗੈਰ-ਜ਼ਰੂਰੀ ਹੈ। ਔਸਕਰ ਵਾਇਲਡ ਨੇ ਅਰਦਾਸ ਦੇ ਉੱਤਰ ਬਾਰੇ ਲਿਖਿਆ ਸੀ "ਅਰਦਾਸ ਦਾ ਉੱਤਰ ਮਿਲਣਾ ਹੀ ਨਹੀਂ ਚਾਹੀਦਾ। ਜੇ ਅਰਦਾਸ ਦਾ ਉੱਤਰ ਮਿਲੇ ਤਾਂ ਉਹ ਅਰਦਾਸ ਨਹੀਂ ਰਹਿੰਦੀ...ਉਹ ਖ਼ਤੋ-ਕਿਤਾਬਤ ਦਾ ਸਿਲਸਿਲਾ ਬਣ ਜਾਂਦਾ ਹੈ।" ਏਸ ਲਿਹਾਜ਼ ਵਿੱਚ ਸਿੱਖ ਦੀ ਅਰਦਾਸ ਬਿਲਕੁਲ ਨਿਰਾਲੀ ਚੀਜ਼ ਹੈ। ਇਹ ਅਰਦਾਸ ਨਿਜੀ ਯਾਚਨਾ ਦੀ ਮੰਗ ਕਰਦਿਆਂ ਹੋਇਆਂ ਵੀ ਨਿਜ ਦੇ ਪ੍ਰਾਈਵੇਟ ਲੈਵਲ ਤੋਂ ਉੱਪਰ ਹੋ ਜਾਂਦੀ ਹੈ, ਕਿਉਂਕਿ ਇਹ ਖ਼ਤਮ ਸਰਬੱਤ ਦੇ ਭਲੇ ਦੀ ਮੰਗ ਵਿੱਚ ਹੁੰਦੀ ਹੈ। ਸਿੱਖ ਦੀ ਅਰਦਾਸ ਤਦੇ ਹੀ ਸਫ਼ਲ ਹੈ ਜੇ ਉਹ ਆਪਣੀ ਨਿੱਕੀ ਜਿਹੀ ਹਸਤੀ ਦੀਆਂ ਛੋਟੀਆਂ ਜ਼ਰੂਰਤਾਂ ਤੋਂ ਉੱਠ ਕੇ ਸਰਬੱਤ ਦੇ ਭਲੇ ਵਿੱਚ ਲੀਨ ਹੋ ਜਾਵੇ। ਇਹ ਸਰਬੱਤ ਦੀ ਲੀਨਤਾ ਆਪਣੇ ਆਪ ਵਿੱਚ ਫਲ ਸਰੂਪ ਹੈ। ਸਿੱਖ ਲਈ ਅਰਦਾਸ ਹੀ ਚੜ੍ਹਦੀ ਕਲਾ ਦਾ ਸਾਧਨ ਹੈ। ਛੋਟੇ ਤੋਂ ਵੱਡੇ ਹੋਣ ਦਾ ਇਹ ਸਹਿ-ਸੁਭਾ ਦਾ ਯਤਨ ਹੈ। ਅਰਦਾਸ ਦਵਾਰਾ ਵੱਡੇ ਹੁੰਦਿਆਂ ਹੀ ਜਾਂ ਐਉਂ ਕਹੋ ਕਿ ਸਰਬੱਤ ਦੇ ਭਾਵ ਵਿੱਚ ਨਾਲ ਹੁੰਦਿਆਂ ਹੀ ਸਾਡੇ ਉਹ ਸਾਰੇ ਨੁਕਸ ਦੂਰ ਹੋ ਜਾਂਦੇ ਹਨ ਜੋ ਛੋਟੇ ਹੋਣ ਕਰਕੇ ਹਨ।

1. "ਕੀ ਅਰਦਾਸ ਸੁਣੀ ਜਾਂਦੀ ਹੈ? ਕੀ ਅਰਦਾਸ ਦਾ ਉੱਤਰ ਮਿਲਦਾ ਹੈ?"—ਇਹ ਗੱਲ ਕੌਣ ਪੁੱਛ ਰਿਹਾ ਹੈ?
   (*a*) ਅਨਪੜ੍ਹ ਨੌਜਵਾਨ (*b*) ਪੜ੍ਹੇ-ਲਿਖੇ ਨੌਜਵਾਨ
   (*c*) ਸਾਰੇ ਨੌਜਵਾਨ (*d*) ਉਪਰੋਕਤ ਵਿਚੋਂ ਕੋਈ ਨਹੀਂ
2. "ਅਰਦਾਸ ਦਾ ਉੱਤਰ ਮਿਲਣਾ ਹੀ ਨਹੀਂ ਚਾਹੀਦਾ। ਜੇ ਅਰਦਾਸ ਦਾ ਉੱਤਰ ਮਿਲੇ ਤਾਂ ਉਹ ਅਰਦਾਸ ਨਹੀਂ ਰਹਿੰਦੀ...ਉਹ ਖ਼ਤੋ-ਕਿਤਾਬਤ ਦਾ ਸਿਲਸਿਲਾ ਬਣ ਜਾਂਦਾ ਹੈ।" ਇਹ ਬੋਲ ਕਿਸ ਦੇ ਕਹੇ ਹੋਏ ਹਨ?
   (*a*) ਸੁਕਰਾਤ ਦੇ (*b*) ਪੜ੍ਹੇ-ਲਿਖੇ ਨੌਜਵਾਨ
   (*c*) ਔਸਕਰ ਵਾਇਲਡ ਦੇ (*d*) ਉਪਰੋਕਤ ਵਿਚੋਂ ਕੋਈ ਨਹੀਂ
3. ਕਿਸ ਦਾ ਭਲਾ ਮੰਗ ਕੇ ਅਰਦਾਸ ਦੀ ਸਮਾਪਤੀ ਕੀਤੀ ਜਾਂਦੀ ਹੈ?
   (*a*) ਗਰੀਬ ਦਾ (*b*) ਅਪਾਹਿਜ ਦਾ
   (*c*) ਅਨਾਥ ਦਾ (*d*) ਸਰਬੱਤ ਦਾ
4. ਕਿਸ ਦੀ ਅਰਦਾਸ ਤਦੇ ਹੀ ਸਫ਼ਲ ਹੈ ਜੇ ਉਹ ਆਪਣੀ ਨਿੱਕੀ ਜਿਹੀ ਹਸਤੀ ਦੀਆਂ ਛੋਟੀਆਂ ਜ਼ਰੂਰਤਾਂ ਤੋਂ ਉੱਠ ਕੇ ਸਰਬੱਤ ਦੇ ਭਲੇ ਵਿੱਚ ਲੀਨ ਹੋ ਜਾਵੇ?
   (*a*) ਸਿੱਖ ਦੀ ਅਰਦਾਸ (*b*) ਗਰੀਬ ਦੀ ਅਰਦਾਸ
   (*c*) ਮਨੁੱਖਤਾ ਦੀ ਅਰਦਾਸ (*d*) ਸਾਂਝੀਵਾਲਤਾ ਦੀ ਅਰਦਾਸ
5. ਸਿੱਖ ਲਈ ਅਰਦਾਸ ਕਿਸ ਕਲਾ ਦਾ ਸਾਧਨ ਹੈ ?
   (*a*) ਢਹਿੰਦੀ ਕਲਾ ਦਾ (*b*) ਚੜ੍ਹਦੀ ਕਲਾ ਦਾ
   (*c*) ਨੀਵੀਂ ਕਲਾ ਦਾ (*d*) ਉੱਚੀ ਕਲਾ ਦਾ

(3) ਇਕ ਵਾਰੀ ਇੱਕ ਵੱਡਾ ਸਰਦਾਰ, ਜੋ ਪਹਿਲੇ ਧਾੜਵੀ ਸੀ, ਆਕੀ ਹੋ ਗਿਆ। ਇਸ ਨੂੰ ਮਹਾਰਾਜ ਨੂੰ ਵੱਡੇ ਔਖ ਨਾਲ ਜਿੱਤਿਆ ਅਤੇ ਉਸ ਨੂੰ ਰੁਹਤਾਸ ਦੇ ਕਿਲ੍ਹੇ ਵਿੱਚ ਕੈਦ ਕਰ ਦਿੱਤਾ। ਕੈਦ ਵਿੱਚ ਇਹ ਸਰਦਾਰ ਸਦੀਵ ਪਰਮੇਸ਼ਰ ਤੇ ਮਨੁੱਖਾਂ ਨੂੰ ਗਾਲ੍ਹਾਂ ਦਿੰਦਾ ਤੇ ਜੋ ਮੂੰਹ ਪਰ ਆਉਂਦੀ, ਬਕਦਾ ਰਹਿੰਦਾ। ਕਰਤਾਰ ਪਰ ਵਿਸ਼ਵਾਸ਼ ਰੱਖਣਾ ਸਰਬ ਸੁੱਖਾਂ ਦੀ ਖਾਨ ਹੈ ਪਰ ਇਹ ਮਹਾਂ ਉੱਤਮ ਪਦਾਰਥ ਵੀ ਇਸ ਅਪਰਾਧੀ ਦੇ ਹਿਰਦੇ ਵਿੱਚੋਂ ਉੱਡ ਕੇ ਇਸ ਨੂੰ ਇੱਕ ਅਜਿਹੀ ਅੱਗ ਵਿੱਚ ਸਿੱਟ ਗਿਆ ਕਿ ਜਿਸ ਵਿੱਚ ਆਦਮੀ ਮਰਦਾ ਤਾਂ ਨਹੀਂ ਪਰ ਸਦੀਵ ਸੜਦਾ ਰਹਿੰਦਾ ਹੈ। ਕੈਦਖਾਨੇ ਦੀਆਂ ਡਰਾਉਣੀਆਂ ਕੰਧਾਂ ਇਸ ਨੂੰ ਖਾਣ ਨੂੰ ਪੈਂਦੀਆਂ ਤੇ ਹਨੇਰੇ ਵਿੱਚ ਅਨੇਕ ਪ੍ਰਕਾਰ ਦੇ ਭੈ ਇਸ ਦੀਆਂ ਅੱਖਾਂ ਅੱਗੇ ਆ ਕੇ ਇਸ ਦੇ ਦੁੱਖਾਂ ਨੂੰ ਦੂਣਾ ਕਰਦੇ। ਜਦ ਕੋਈ ਸਰਕਾਰੀ ਨੌਕਰ ਇਸ ਨੂੰ ਅੰਨ ਪਾਣੀ ਦੇਣ ਆਉਂਦਾ ਤਾਂ ਇਹ ਮਹਾਰਾਜ ਸਾਹਿਬ ਨੂੰ ਹਜ਼ਾਰ-ਹਜ਼ਾਰ ਗਾਲ੍ਹ ਇੱਕ ਸਾਹੇ ਸੁਣਾਉਂਦਾ।

1. ਵੱਡਾ ਸਰਦਾਰ, ਜਿਹੜਾ ਆਕੀ ਹੋ ਗਿਆ, ਉਹ ਪਹਿਲਾਂ ਕੀ ਸੀ ?
   (*a*) ਧਾੜਵੀ (*b*) ਅਜੂਬਾ
   (*c*) ਅਲਬੇਲਾ (*d*) ਨੌਸਿਖੀਆ
2. ਇਸ ਪੈਰ੍ਹੇ ਵਿੱਚ ਕਿਸ ਰਾਜੇ ਬਾਰੇ ਗੱਲ ਹੋ ਰਹੀ ਹੈ?
   (*a*) ਮਹਾਰਾਜਾ ਅਗਰਸੈਨ (*b*) ਮਹਾਰਾਜਾ ਰਣਜੀਤ ਸਿੰਘ
   (*c*) ਮਹਾਰਾਜਾ ਨੌ-ਨਿਹਾਲ ਸਿੰਘ (*d*) ਮਹਾਰਾਜਾ ਦਿਲਾਵਰ ਸਿੰਘ
3. ਕੈਦਖਾਨੇ ਵਿੱਚ ਸਰਦਾਰ ਧਾੜਵੀ ਨੂੰ ਕੌਣ ਡਰਾ ਰਿਹਾ ਸੀ?
   (*a*) ਕੈਦਖਾਨੇ ਦੇ ਸੂਬੇਦਾਰ (*b*) ਕੈਦਖਾਨੇ ਦੇ ਵਜ਼ੀਰ
   (*c*) ਕੈਦਖਾਨੇ ਦੀਆਂ ਡਰਾਉਣੀਆਂ ਕੰਧਾਂ (*d*) ਉਪਰੋਕਤ ਸਾਰੇ
4. ਧਾੜਵੀ ਨੂੰ ਕਿਹੜੇ ਕਿਲ੍ਹੇ ਵਿੱਚ ਕੈਦ ਕੀਤਾ ਗਿਆ?
   (*a*) ਅਜਮੇਰ ਦੇ ਕਿਲ੍ਹੇ ਵਿੱਚ (*b*) ਮੇਵਾੜ ਦੇ ਕਿਲ੍ਹੇ ਵਿੱਚ
   (*c*) (*a*) ਅਤੇ (*b*) ਦੋਵੇਂ (*d*) ਰੁਹਤਾਸ ਦੇ ਕਿਲ੍ਹੇ ਵਿੱਚ
5. ਉਪਰੋਕਤ ਪੈਰ੍ਹਾ ਵਾਰਤਕ ਭਾਗ ਦੇ ਕਿਹੜੇ ਲੇਖ ਵਿੱਚੋਂ ਲਿਆ ਗਿਆ ਹੈ?
   (*a*) ਰਬਾਬ ਮੰਗਾਉਣ ਦਾ ਵਿਰਤਾਂਤ (*b*) ਪ੍ਰਾਰਥਨਾ
   (*c*) ਘਰ ਦਾ ਪਿਆਰ (*d*) ਬੋਲੀ